# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਸਅਸ ਨਗਰ, (ਮੋਹਾਲੀ) ਪੰਜਾਬ-160062

**(ਵਜੀਫਾ ਸ਼ਾਖਾ)**

---

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ/ਸੈ.ਸਿ)।
ਪੰਜਾਬ ।

ਮੀਮੋ ਨੰ:/੪/3-੨੦੧੯ ਵਜੀਫਾ(੨)/੪੪੭੨੧ ਮਿਤੀ, ੧੨-03-੨੦੨੧।

**ਵਿਸ਼ਾ:- Mandatory Biometric Updation in Aadhaar on attaining age of 5 years and 15 years & New Aadhaar Enrollment for left out students in schools.**

1.0 ਜਿਵੇਂ ਕਿ ਆਪ ਸਭ ਜਾਣਦੇ ਹੋ ਕਿ ਵੱਖ-ਵੱਖ ਵਜੀਫੇ ਦੀਆਂ ਸਕੀਮਾਂ ਜੋ ਕਿ ਡੀ.ਬੀ.ਟੀ. ਹਨ, ਦੇ ਲਈਅਧਾਰ ਕਾਰਡ ਦਾ ਹੋਣਾ ਜ਼ਰੂਰੀ ਹੈ। 5 ਸਾਲ ਅਤੇ 15 ਸਾਲ ਦੀ ਉਮਰ ਵਿੱਚ ਅਧਾਰ ਦੀ ਬਾਇਓਮੈਟ੍ਰਿਕ ਅਪਡੇਸ਼ਨ ਹੁੰਦੀ ਹੈ, ਜੋ ਕਿ ਲਾਜ਼ਮੀ ਹੈ।

2.0 ਉਕਤ ਕਾਰਣਾਂ ਕਰਕੇ ਸਰਕਾਰ ਵੱਲੋਂ ਨਵੇਂ ਅਧਾਰ ਕਾਰਡ ਬਣਾਉਣ ਅਤੇ 5 ਸਾਲ ਅਤੇ 15 ਸਾਲ ਦੀ ਉਮਰ ਵਿੱਚ ਅਧਾਰ ਦੀ ਬਾਇਓਮੈਟ੍ਰਿਕ ਅਪਡੇਸ਼ਨ ਕਰਨ ਦੀ ਮੁਫਤ ਸੁਵਿਧਾ ਦਿੱਤੀ ਗਈ ਹੈ। ਇਸ ਸਬੰਧ ਵਿੱਚ ਫੂਡ ਅਤੇ ਸਿਵਲ ਸਪਲਾਈ ਵਿਭਾਗ ਦੁਆਰਾ 294 ਅਧਾਰ ਕਿੱਟਸ ਮੈਨ-ਪਾਵਰ ਸਮੇਤ ਨੋਡਲ ਦਫਤਰਾਂ/ਸਕੂਲਾਂ ਵਿੱਚ ਭੇਜੀਆਂ ਜਾਣੀਆਂ ਹਨ।

3.0 ਇੱਕ ਅਧਾਰ ਕਿੱਟ ਇੱਕ ਦਿਨ ਵਿੱਚ ਲਗਭਗ 70 ਵਿਦਿਆਰਥੀਆਂ ਦਾ ਅਧਾਰ ਅਪਡੇਸ਼ਨ ਕਰ ਸਕਦੀ ਹੈ। ਇਸ ਹਿਸਾਬ ਨਾਲ ਕਿਟਸ, ਫੂਡ ਅਤੇ ਸਿਵਲ ਸੱਪਲਾਈ ਵਿਭਾਗ ਦੁਆਰਾ ਨੋਡਲ ਸਕੂਲਾਂ ਵਿੱਚ ਉਪਲੱਬਧ ਕਰਵਾਈਆਂ ਜਾਣਗੀਆਂ।

4.0 ਕੁੱਲ ਵਿਦਿਆਰਥੀਆਂ ਦੀ ਸਕੂਲ ਵਾਈਜ਼ ਗਿਣਤੀ ਨਾਲ ਨੱਥੀ ਕੀਤੀ ਜਾਂਦੀ ਹੈ। ਇਸ ਵਿੱਚ ਉਹਨਾਂ ਵਿਦਿਆਰਥੀਆਂ ਦੀ ਗਿਣਤੀ ਵੀ ਹੈ ਜਿਹਨਾਂ ਦੇ ਅਧਾਰ ਕਾਰਡ ਨਹੀਂ ਬਣੇ ਹਨ। **ਜਿਹੜੇ ਵਿਦਿਆਰਥੀ ਲਾਜ਼ਮੀ ਬਾਇਓਮੈਟ੍ਰਿਕ ਅਪਡੇਸ਼ਨ ਹੋਣ ਤੋਂ ਰਹਿੰਦੇ ਹਨ, ਉਨ੍ਹਾਂ ਦੀ ਲਿਸਟ ਸਿੱਖਿਆ ਵਿਭਾਗ ਦੇ** epunjab **ਪੋਰਟਲ ਦੇ** school log-in **ਵਿੱਚ ਪ੍ਰਾਪਤ ਹੋਵੇਗੀ।**

5.0 ਫੂਡ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਕੁੱਲ 294 ਅਧਾਰ ਕਿੱਟ ਦਿੱਤੇ ਜਾਣੇ ਹਨ। ਇਹਨਾਂ ਵਿੱਚੋਂ 228 ਅਧਾਰ ਕਿੱਟ ਏਜੂਕੇਸ਼ਨ ਬਲਾਕਾਂ ਵਿੱਚ ਦਿੱਤੇ ਜਾਣਗੇ। ਹਰ ਸਿੱਖਿਆ ਬਲਾਕ ਵਿੱਚ ਇੱਕ ਕਿੱਟ ਦਿੱਤੀ ਜਾਵੇਗੀ, ਜਿਸ ਨੂੰ ਬਲਾਕ ਦੇ ਸਾਰੇ ਸਕੂਲਾਂ ਵਿੱਚ ਲੋੜ ਅਨੁਸਾਰ ਘੁਮਾਇਆ ਜਾਵੇਗਾ। ਇਹ ਕਿੱਟ ਹਰ ਇੱਕ ਬਲਾਕ ਪ੍ਰਾਈਮਰੀ ਸਿੱਖਿਆ ਦਫਤਰ ਵਿਖੇ ਰੱਖੀ ਜਾਵੇਗੀ। ਹਰ ਜ਼ਿਲ੍ਹੇ ਵੱਲੋਂ ਆਪਣੇ ਬਲਾਕਾਂ ਦੀਆਂ ਕਿੱਟਾਂ ਨੂੰ ਬਲਾਕ ਦੇ ਸਾਰੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਲੋੜ ਅਨੁਸਾਰ ਘੁਮਾਉਣ ਸਬੰਧੀ ਰੋਸਟਰ ਬਣਾਇਆ ਜਾਵੇਗਾ। 1-70 ਵਿਦਿਆਰਥੀਆਂ ਲਈ ਇੱਕ ਦਿਨ, 71-140 ਵਿਦਿਆਰਥੀਆਂ ਲਈ 2 ਦਿਨ ਇਸ ਤਰ੍ਹਾਂ ਰੋਸਟਰ ਬਣਾਇਆ ਜਾਵੇਗਾ। ਪ੍ਰਾਈਮਰੀ ਸਕੂਲਾਂ ਸਬੰਧੀ ਰੋਸਟਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਵੱਲੋਂ ਅਤੇ ਮਿਡਲ, ਹਾਈ ਅਤੇ ਸਕੈਂਡਰੀ/ਸੀ. ਸਕੈਂਡਰੀ ਸਕੂਲਾਂ ਲਈ ਰੋਸਟਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਬਣਾਇਆ ਜਾਵੇਗਾ ।

6.0 ਬਚਦੀਆਂ 66 ਕਿੱਟਾਂ ਜ਼ਿਲ੍ਹਾ ਪੱਧਰ ਤੇ ਰੱਖੀਆਂ ਜਾਣਗੀਆਂ, ਓਹਨਾਂ ਦੀ ਵੰਡ ਹੇਠ ਅਨੁਸਾਰ ਹੋਵੇਗੀਃ-

| Sr. No. | District | No. of Adhaar Kits for Private schools |
|---|---|---|
| 1 | Amritsar | 5 |
| 2 | Barnala | 2 |
| 3 | Bathinda | 4 |
| 4 | Faridkot | 2 |
| 5 | Fatehgarh Sahib | 2 |
| 6 | Fazilka | 2 |
| 7 | Ferozepur | 3 |
| 8 | Gurdaspur | 3 |
| 9 | Hoshiarpur | 4 |
| 10 | Jalandhar | 5 |
| 11 | Kapurthala | 3 |
| 12 | Ludhiana | 5 |
| 13 | Mansa | 2 |
| 14 | Moga | 2 |
| 15 | Mohali | 3 |
| 16 | Muktsar | 2 |
| 17 | Nawanshahar | 2 |
| 18 | Pathankot | 2 |
| 19 | Patiala | 4 |
| 20 | Ropar | 3 |
| 21 | Sangrur | 3 |
| 22 | Tarn Taran | 3 |
| | **TOTAL** | 66 |

ਉਕਤ ਕਿੱਟਾਂ ਜ਼ਿਲ੍ਹੇ ਦੇ ਲੋਕਲ ਬਲਾਕ ਦੇ ਨੋਡਲ ਦਫਤਰ ਵਿਖੇ ਰੱਖੀਆਂ ਜਾਣਗੀਆਂ, ਜਿਥੋਂ ਇਹ ਰੋਸਟਰ ਮੁਤਾਬਕ ਪ੍ਰਾਈਵੇਟ ਸਕੂਲਾਂ ਨੂੰ ਦਿੱਤੀਆਂ ਜਾਣਗੀਆਂ। ਸਾਰੇ ਪ੍ਰਾਈਮਰੀ ਸਕੂਲਾਂ ਲਈ ਜ਼ਿਲ੍ਹਾ ਨੋਡਲ ਅਫਸਰ, ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਹੋਣਗੇ ਅਤੇ ਬਾਕੀ ਸਾਰੇ ਸਕੂਲਾਂ ਲਈ ਨੋਡਲ ਅਫਸਰ, ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਹੋਣਗੇ। ਜਿਹੜੇ ਪ੍ਰਾਈਵੇਟ ਸਕੂਲ ਮਿਡਲ, ਹਾਈ ਜਾਂ ਸੀ.ਸਕੈਂਡਰੀ ਹਨ, ਜਿਹਨਾਂ ਵਿੱਚ ਪ੍ਰਾਈਮਰੀ ਵਿੰਗ ਵੀ ਚਲਦੇ ਹਨ, ਉਹਨਾਂ ਸਬੰਧੀ ਰੋਸਟਰ ਅਤੇ ਹੋਰ ਕੰਮ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਅਧੀਨ ਹੀ ਕੀਤੇ ਜਾਣਗੇ।

7.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਜ਼ਿਲ੍ਹੇ ਦੇ ਪ੍ਰਾਈਵੇਟ ਸਕੂਲਾਂ ਨੂੰ ਅਧਾਰ ਕਿੱਟ ਸਬੰਧੀ ਪੱਤਰ ਲਿਖ ਕੇ ਜਾਣੂ ਕਰਵਾਇਆ ਜਾਵੇਗਾ ਅਤੇ ਇਹਨਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਤੇ ਲੋੜ ਅਨੁਸਾਰ ਅਧਾਰ ਕਿੱਟ ਮੁਹੱਈਆ ਕਰਵਾਈ ਜਾਵੇਗੀ।

8.0 ਅਧਾਰ ਅਪਡੇਸ਼ਨ ਦੇ ਕੰਮ ਲਈ ਸਿੱਖਿਆ ਵਿਭਾਗ ਵੱਲੋਂ ਕੋਈ ਵੀ manpower ਨਹੀਂ ਦਿੱਤੀ ਜਾਵੇਗੀ। ਇਹ ਜ਼ਿੰਮੇਵਾਰੀ ਫੂਡ ਤੇ ਸਿਵਲ ਸਪਲਾਈ ਵਿਭਾਗ ਦੀ ਹੋਵੇਗੀ। ਪਰੰਤੂ ਇਹ ਧਿਆਨ ਰਹੇ ਕਿ ਸਿੱਖਿਆ ਵਿਭਾਗ ਦੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਅਤੇ ਸਕੂਲ ਮੁੱਖੀਆਂ ਵੱਲੋਂ ਇਸ ਕੰਮ ਲਈ ਪੂਰਨ ਸਹਿਯੋਗ ਦਿੱਤਾ ਜਾਵੇਗਾ।

9.0 ਰੋਸਟਰ ਨਵੇਂ ਅਕਾਦਮਿਕ ਸੈਸ਼ਨ ਦੇ ਅਰੰਭ ਤੋਂ ਮਿਤੀ 1.04.2021 ਤੋਂ ਸ਼ੁਰੂ ਕੀਤਾ ਜਾਵੇ। ਅਧਾਰ ਅਪਡੇਸ਼ਨ ਪ੍ਰਾਈਮਰੀ ਸਕੂਲਾਂ ਤੋਂ ਸ਼ੁਰੂ ਕੀਤੀ ਜਾਵੇ। ਇਸ ਤੋਂ ਬਾਅਦ ਮਿਡਲ,ਫੇਰ ਹਾਈ ਅਤੇ ਫੇਰ ਸੀ.ਸਕੈਂਡਰੀ ਸਕੂਲ ਲਏ ਜਾਣ। ਰੋਸਟਰ ਤਿਆਰ ਕਰਦੇ ਸਮੇਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ 5ਵੀਂ, 8ਵੀਂ, 10 ਵੀਂ ਅਤੇ 12ਵੀਂ ਦੀ ਡੇਟ ਸ਼ੀਟ ਧਿਆਨ ਵਿੱਚ ਰੱਖੀ ਜਾਵੇ ਅਤੇ ਪ੍ਰੀਖਿਆਵਾਂ ਦੌਰਾਨ ਸਬੰਧਤ ਵਿਦਿਆਰਥੀਆਂ ਦੀ ਅਧਾਰ ਅਪਡੇਸ਼ਨ ਨਾ ਰੱਖੀ ਜਾਵੇ। ਜ਼ਿਲ੍ਹੇ ਆਪਣੀ ਲੋੜ ਅਨੁਸਾਰ ਸ਼ਡਿਊਲ ਬਦਲ ਸਕਦੇ ਹਨ।

10 ਉਕਤ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹੇਠ ਲਿਖੇ ਅਨੁਸਾਰ ਸੂਚਨਾ ਭੇਜਣ ਲਈ ਲਿਖਿਆ ਜਾਂਦਾ ਹੈ:-

(1) ਸਮੂਹ BPEO ਦਫਤਰਾਂ ਦੀ ਬਲਾਕਵਾਈਜ਼ ਸੂਚੀ, ਜਿਹਨਾਂ ਨੂੰ ਨੋਡਲ ਦਫਤਰ ਬਣਾਇਆ ਜਾਣਾ ਹੈ। ਇਸ ਵਿੱਚ BPEO ਦਫਤਰ ਦਾ ਪੂਰਾ ਪਤਾ,ਫੋਨ ਨੰ: ਲੋਕੇਸ਼ਨ ਆਦਿ ਲਿਖੀ ਜਾਵੇ। ਨਾਲ ਹੀ ਬਲਾਕ ਪ੍ਰਾਈਮਰੀ ਸਿੱਖਿਆ ਅਫਸਰਾਂ ਦੀ ਸੂਚੀ ਅਤੇ ਫੋਨ ਨੰ: ਦਿੱਤੇ ਜਾਣ, ਜਿਹੜੇ ਕਿ ਅਧਾਰ ਅਪਡੇਸ਼ਨ ਲਈ ਬਲਾਕ ਨੋਡਲ ਅਫਸਰ ਵੀ ਹੋਣਗੇ ਉਕਤ ਸੂਚਨਾ ਹੇਠ ਦਿੱਤੇ ਫਾਰਮੈਟ ਅਨੁਸਾਰ ਭੇਜੀ ਜਾਵੇ:-

| District | PE Block name | BPEO office full address/location | Contact Number | Name of BPEO | Mobile number |
|---|---|---|---|---|---|

(2) ਸਮੂਹ ਜ਼ਿਲ੍ਹਿਆਂ ਵੱਲੋਂ ਜ਼ਿਲ੍ਹਾ ਨੋਡਲ ਦਫਤਰਾਂ ਦੀ ਸੂਚੀ ਸਮੇਤ ਲੋਕੇਸ਼ਨ ਅਤੇ ਫੋਨ ਨੰਬਰ ਅਤੇ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ ਅਤੇ ਸੈ.ਸਿ) ਦੇ ਨਾਮ ਅਤੇ ਫੋਨ ਨੂੰ: ਵੀ ਭੇਜੇ ਜਾਣ।

(3) ਰੋਸਟਰ ਪ੍ਰਾਈਮਰੀ ਸਕੂਲਾਂ ਦਾ ਅਲੱਗ ਅਤੇ ਮਿਡਲ,ਹਾਈ,ਸੀ.ਸਕੈਂਡਰੀ ਸਕੂਲਾਂ ਦਾ ਅਲੱਗ ਤਿਆਰ ਕੀਤਾ ਜਾਵੇ ਕਿ ਕਿਹੜੇ ਸਕੂਲ ਵਿੱਚ ਅਧਾਰ ਕਿੱਟ ਕਿੰਨੇ ਦਿਨ ਅਤੇ ਕਿਹੜੀਆਂ ਮਿਤੀਆਂ ਨੂੰ ਰਹਿਣੀ ਹੈ। ਗਜ਼ੇਟਿਡ ਛੁੱਟੀਆਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

11 ਉਕਤ ਦੋਵੇਂ ਸੂਚੀਆਂ ਅਤੇ ਰੋਸਟਰ ਸਬੰਧੀ ਸੂਚਨਾ ਮਿਤੀ 15.03.2021 ਤੱਕ ਫੂਡ ਅਤੇ ਸਿਵਲ ਸਪਲਾਈ ਵਿਭਾਗ ਦੀ ਈ-ਮੇਲ ਆਈ.ਡੀ.uidproject.punjab@gmail.com ਤੇ ਭੇਜੀ ਜਾਵੇ ਅਤੇ ਇਸਦਾ ਉਤਾਰਾ ਸਿੱਖਿਆ ਵਿਭਾਗ ਦੀ ਈ-ਮੇਲ ਆਈ.ਡੀdgse.uid@gamil.com ਤੇ ਵੀ ਭੇਜਿਆ ਜਾਵੇ।

12 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪੰਜਾਬ।**